# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ ਪੰਜਾਬ
# ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ - 34 ਏ, ਚੰਡੀਗੜ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵੈਬ ਸਾਈਟ ਰਾਹੀਂ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਸਮੂਹ ਪ੍ਰਿੰਸੀਪਲ / ਮੁੱਖ ਅਧਿਆਪਕ ਸਕੂਲ

ਮੀਮੋ ਨੰ: ਕੋਆਰਡੀਨੇਸ਼ਨ/2010/45772
ਮਿਤੀ, ਚੰਡੀਗੜ 08.07.2010

**ਵਿਸ਼ਾ: ਬਦਲੀ ਹੋਏ ਕਰਮਚਾਰੀਆਂ / ਅਧਿਆਪਕਾਂ ਦੀ ਸਰਵਿਸ ਬੁੱਕ ਮੁਕੰਮਲ ਕਰਨ ਉਪਰੰਤ ਨਵੀਂ ਥਾਵਾਂ ਤੇ ਭੇਜਣ ਬਾਰੇ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਦੁਆਰਾ ਜਾਰੀ ਕੀਤੀ ਗਈ ਪਾਲਿਸੀ ਤਹਿਤ ਵਿਭਾਗ ਦੁਆਰਾ ਸਮੇਂ ਸਮੇਂ ਸਿਰ ਅਧਿਆਪਕਾਂ ਅਤੇ ਦੂਜੇ ਕਰਮਚਾਰੀਆਂ ਦੀਆਂ ਪਿਛਲੇ ਦਿਨੀਂ ਬਦਲੀਆਂ ਕੀਤੀਆਂ ਗਈਆਂ ਸਨ। ਆਮ ਤੌਰ ਤੇ ਇਹ ਵੇਖਣ ਵਿੱਚ ਆਇਆ ਹੈ ਕਿ ਜਦੋਂ ਅਧਿਆਪਕ / ਦੁਜੇ ਕਮਚਾਰੀ ਇਕ ਸਕੂਲ ਤੋਂ ਦੂਜੇ ਸਕੂਲ ਵਿੱਚ ਬਦਲੇ ਜਾਂਦੇ ਹਨ ਤਾਂ ਉਹਨਾਂ ਦੀ ਸਰਵਿਸ ਬੁੱਕ ਕਾਫੀ ਲੰਮੇ ਸਮੇਂ ਤੱਕ ਵੀ ਨਵੇਂ ਥਾਂ ਤੇ ਨਹੀਂ ਪਹੁੰਚਦੀ। ਜਿਸ ਦੀ ਵਜ੍ਹਾ ਕਰਕੇ ਉਹਨਾਂ ਨੂੰ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹਨਾਂ ਦੀ ਤਨਖਾਹ ਵੀ ਨਹੀਂ ਨਿਕਲਦੀ। ਇਹਨਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਸ ਵੀ ਅਧਿਆਪਕ ਜਾਂ ਕਰਮਚਾਰੀ ਦੀ ਬਦਲੀ ਸਰਕਾਰ ਦੁਆਰਾ ਕੀਤੀ ਗਈ ਹੈ ਉਸ ਦੀ ਸਰਵਿਸ ਬੁੱਕ ਮੁਕੰਮਲ ਕਰਕੇ ਸੱਤ ਦਿਨਾਂ ਦੇ ਵਿੱਚ ਉਸ ਦੀ ਅਗਲੀ ਥਾਂ ਤੇ ਨਿਯਮਾਂ ਮੁਤਾਬਿਕ ਭੇਜ ਦਿੱਤੀ ਜਾਵੇ।

ਡੀ.ਜੀ.ਐਸ.ਈ.